

# ॥ ਅਧਿਆਇ-51 ॥

## ਸਮਾਪਤੀ

ਅਧਿਆਇ-51 ਪੂਰਾ ਹੋ ਚੁੱਕਾ ਹੈ ਅਤੇ ਹੁਣ ਆਖ਼ਰੀ ਅਧਿਆਇ (ਮੂਲ ਗ੍ਰੰਥ ਦਾ 52ਵਾਂ ਅਧਿਆਇ) ਲਿਖਿਆ ਜਾ ਰਿਹਾ ਹੈ। ਇਸ ਵਿਚ ਹੇਮਾਂਡਪੰਤ ਨੇ ਆਖ਼ਰੀ ਪਰਖ ਕੀਤੀ ਹੈ ਅਤੇ ਉਸੇ ਤਰ੍ਹਾਂ ਸੂਚੀ ਲਿਖਣ ਦਾ ਵਚਨ ਦਿੱਤਾ ਹੈ, ਜਿਸ ਤਰ੍ਹਾਂ ਕਿ ਬਾਕੀ ਮਰਾਠੀ ਧਾਰਮਿਕ ਕਾਵਿ-ਗ੍ਰੰਥਾਂ ਵਿਚ ਵਿਸ਼ੇ ਦੀ ਸੂਚੀ ਅੰਤ ਵਿਚ ਲਿਖੀ ਜਾਂਦੀ ਹੈ। ਬਦਕਿਸਮਤੀ ਨਾਲ ਹੇਮਾਂਡਪੰਤ ਦੇ ਕਾਗਜ਼ਾਂ ਦੀ ਛਾਣਬੀਨ ਕਰਨ ’ਤੇ ਉਹ ਸੂਚੀ ਨਹੀਂ ਮਿਲ ਸਕੀ। ਤਾਂ ਬਾਬਾ ਦੇ ਇਕ ਯੋਗ ਅਤੇ ਧਾਰਮਿਕ ਭਗਤ ਠਾਣੇ ਦੇ ਸੇਵਾ ਮੁਕਤ ਮਾਮਲੇਦਾਰ ਸ੍ਰੀ ਬੀ.ਵੀ. ਦੇਵ ਨੇ ਉਸ ਨੂੰ ਰਚ ਕੇ ਪੇਸ਼ ਕੀਤਾ। ਕਿਤਾਬ ਦੇ ਸ਼ੁਰੂ ਵਿਚ ਹੀ ਵਿਸ਼ਾ-ਸੂਚੀ ਦੇਣ ਅਤੇ ਹਰੇਕ ਅਧਿਆਇ ਵਿਚ ਵਿਸ਼ੇ ਦਾ ਇਸ਼ਾਰੇ ਦੇ ਰੂਪ ਵਿਚ ਲਿਖਣਾ ਹੀ ਆਧੁਨਿਕ ਰਿਵਾਜ ਹੈ, ਇਸ ਲਈ ਇਥੇ ਤਤਕਰਾ ਨਹੀਂ ਦਿੱਤਾ ਜਾ ਰਿਹਾ। ਇਸ ਕਰਕੇ ਇਸ ਅਧਿਆਇ ਨੂੰ ਸਮਾਪਤੀ ਹੀ ਸਮਝਣਾ ਠੀਕ ਹੋਵੇਗਾ। ਬਦਕਿਸਮਤੀ ਨਾਲ ਹੇਮਾਂਡਪੰਤ ਉਸ ਵਕਤ ਤਕ ਜਿੰਦਾ ਨਹੀਂ ਰਹੇ ਕਿ ਉਹ ਆਪਣੇ ਲਿਖੇ ਹੋਏ ਇਸ ਅਧਿਆਇ ਨੂੰ ਸੋਧ ਕਰਕੇ ਛਪਣ ਦੇ ਯੋਗ ਬਣਾਉਂਦੇ।

“ਹੇ ਸਾਈਂ, ਮੈਂ ਤੁਹਾਡੇ ਚਰਣਾਂ ਦੀ ਵੰਦਨਾ ਕਰਕੇ ਤੁਹਾਡੀ ‘ਸ਼ਰਨ’ ਦੀ ਪ੍ਰਾਰਥਨਾ ਕਰਦਾ ਹਾਂ, ਕਿਉਂਕਿ ਤੁਸੀਂ ਹੀ ਇਸ ਅਖੰਡ ਸੰਸਾਰ ਦੇ ਇਕ ਹੀ ਆਧਾਰ ਹੋ।” ਜੇ ਇਸ ਹੀ ਧਾਰਨਾ ਨਾਲ ਅਸੀਂ ਉਨ੍ਹਾਂ ਦਾ ਭਜਨ ਅਤੇ ਪੂਜਾ ਕਰੀਏ ਤਾਂ ਇਹ ਪੱਕਾ ਹੈ ਕਿ ਸਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋਣਗੀਆਂ ਅਤੇ ਸਾਨੂੰ ਆਪਣੇ ਪਰਮ ਨਿਸ਼ਾਨੇ ਦੀ ਪ੍ਰਾਪਤੀ ਹੋ ਜਾਏਗੀ। ਅੱਜ ਬੁਰੇ ਵਿਚਾਰਾਂ ਦੇ ਕੰਢੇ ’ਤੇ ਮਾਇਆ-ਮੋਹ ਦੇ ਤੁਫ਼ਾਨ ਨਾਲ ਧੀਰਜ ਰੂਪੀ ਦਰਖ਼ੱਤ ਦੀਆਂ ਜੜ੍ਹਾਂ ਪੁੱਟੀਆਂ ਗਈਆਂ ਹਨ। ਹੰਕਾਰ ਰੂਪੀ ਹਵਾ ਦੀ ਤਾਕਤ ਨਾਲ ਦਿਲ ਰੂਪੀ ਸਮੁੰਦਰ ਵਿਚ ਤੁਫ਼ਾਨ ਉਠ ਖੜਾ ਹੋਇਆ ਹੈ, ਜਿਸ ਵਿਚ ਕ੍ਰੋਧ ਅਤੇ ਘ੍ਰਿਣਾ ਰੂਪੀ ਘੜਿਆਲ ਤਰਦੇ ਹਨ ਅਤੇ ਹੰਕਾਰ ਅਤੇ ਸ਼ੱਕ ਰੂਪੀ ਵੱਖ-ਵੱਖ ਤਰ੍ਹਾਂ ਦੇ ਚੰਗੇ-ਮਾੜੇ ਵਿਚਾਰਾਂ ਦੇ ਭੰਵਰਾਂ ਵਿਚ ਨਿੰਦਿਆ, ਘ੍ਰਿਣਾ ਅਤੇ ਈਰਖਾ ਰੂਪੀ ਬੇਅੰਤ ਮੱਛੀਆਂ ਘੁੰਮ ਰਹੀਆਂ ਹਨ। ਭਾਵੇਂ ਇਹ ਸਮੁੰਦਰ ਏਨਾ ਭਿਆਨਕ ਹੈ ਤਾਂ ਵੀ ਸਾਡੇ ਸਤਿਗੁਰੂ ਸਾਈਂ ਮਹਾਰਾਜ ਉਸ ਵਿਚ ਅਗਸਤਯ ਸਰੂਪ ਹੀ ਹਨ। ਇਸ ਲਈ ਭਗਤਾਂ ਨੂੰ ਜ਼ਰਾ ਵੀ ਡਰਨ ਦੀ ਕੋਈ ਲੋੜ ਨਹੀਂ ਹੈ। ਸਾਡੇ ਸਤਿਗੁਰੂ ਤਾਂ ਜਹਾਜ਼ ਹਨ ਅਤੇ ਉਹ ਸਾਨੂੰ ਖ਼ੈਰੀਅਤ ਨਾਲ ਇਸ ਭਿਆਨਕ ਭਵਸਾਗਰ ਤੋਂ ਪਾਰ ਉਤਾਰ ਦੇਣਗੇ।





ਸ੍ਰੀ ਸਚਿਦਾਨੰਦ ਸਾਈਂ ਮਹਾਰਾਜ ਨੂੰ ਸਸ਼ਟਾਂਗ ਨਮਸਕਾਰ ਕਰਕੇ ਉਨ੍ਹਾਂ ਦੇ ਚਰਣ ਫੜ ਕੇ ਅਸੀਂ ਸਾਰੇ ਭਗਤਾਂ ਦੇ ਭਲੇ ਲਈ ਉਨ੍ਹਾਂ ਨੂੰ ਪ੍ਰਾਰਥਨਾ ਕਰਦੇ ਹਾਂ ਕਿ—"ਹੇ ਸਾਈਂ! ਸਾਡੇ ਮਨ ਦੀ ਚੰਚਲਤਾ ਅਤੇ ਵਾਸਨਾਵਾਂ ਨੂੰ ਦੂਰ ਕਰੋ। ਹੇ ਪ੍ਰਭੂ! ਤੁਹਾਡੇ ਸ੍ਰੀਚਰਣਾਂ ਦੇ ਇਲਾਵਾ ਸਾਡੇ ਵਿਚ ਕਿਸੇ ਹੋਰ ਚੀਜ਼ ਦੀ ਲਾਲਸਾ ਨਾ ਰਹੇ। ਤੁਹਾਡਾ ਇਹ ਚਰਿੱਤਰ ਘਰ-ਘਰ ਪਹੁੰਚੇ ਅਤੇ ਇਸ ਦਾ ਹਰ ਰੋਜ਼ ਪਾਠ ਹੋਵੇ ਅਤੇ ਜਿਹੜਾ ਭਗਤ ਇਸ ਦਾ ਪ੍ਰੇਮ ਨਾਲ ਅਧਿਅਨ ਕਰੇ, ਉਸ ਦੀਆਂ ਸਾਰੀਆਂ ਮੁਸੀਬਤਾਂ ਦੂਰ ਹੋਣ।"

ਹੁਣ ਇਸ ਦੇ ਅਧਿਅਨ ਤੋਂ ਪ੍ਰਾਪਤ ਹੋਣ ਵਾਲੇ ਫਲ ਦੇ ਬਾਰੇ ਵਿਚ ਕੁਝ ਸ਼ਬਦ ਲਿਖਾਂਗਾ। ਇਸ ਗ੍ਰੰਥ ਦੇ ਪਾਠ ਕਰਨ ਨਾਲ ਮਨਚਾਹੇ ਫਲ ਦੀ ਪ੍ਰਾਪਤੀ ਹੋਏਗੀ। ਪਵਿੱਤਰ ਗੋਦਾਵਰੀ ਨਦੀ ਵਿਚ ਇਸ਼ਨਾਨ ਕਰਕੇ ਸ਼ਿਰਡੀ ਦੇ ਸਮਾਧੀ-ਮੰਦਿਰ ਵਿਚ ਸ੍ਰੀ ਸਾਈਂਬਾਬਾ ਦੀ ਸਮਾਧੀ ਦੇ ਦਰਸ਼ਨ ਕਰ ਲੈਣ ਦੇ ਬਾਅਦ ਇਸ ਗ੍ਰੰਥ ਦਾ ਪਾਠ ਜਾਂ ਸਰਵਣ ਸ਼ੁਰੂ ਕਰੋਗੇ ਤਾਂ ਤੁਹਾਡੀਆਂ ਤਿੰਨੇ ਤਰ੍ਹਾਂ ਦੀਆਂ ਮੁਸੀਬਤਾਂ ਵੀ ਦੂਰ ਹੋ ਜਾਣਗੀਆਂ। ਵਕਤ-ਵਕਤ 'ਤੇ ਸ੍ਰੀ ਸਾਈਂਬਾਬਾ ਦੀ ਕਥਾ-ਵਾਰਤਾ ਕਰਦੇ ਰਹਿਣ ਨਾਲ ਤੁਹਾਨੂੰ ਅਧਿਆਤਮਿਕ ਜਗਤ ਦੇ ਲਈ ਰੁਚੀ ਹੋ ਜਾਏਗੀ ਅਤੇ ਜੇ ਤੁਸੀਂ ਇਸ ਤਰ੍ਹਾਂ ਨੇਮ ਅਤੇ ਪ੍ਰੇਮ ਨਾਲ ਅਭਿਆਸ ਕਰਦੇ ਰਹੇ ਤਾਂ ਤੁਹਾਡੇ ਸਾਰੇ ਪਾਪ ਜ਼ਰੂਰ ਨਾਸ਼ ਹੋ ਜਾਣਗੇ। ਜੇ ਸੱਚਮੁਚ ਹੀ ਤੁਸੀਂ ਜਨਮ-ਮਰਨ ਤੋਂ ਮੁਕਤੀ ਚਾਹੁੰਦੇ ਹੋ ਤਾਂ ਸਾਈਂ ਕਥਾਵਾਂ ਦਾ ਨਿਤ ਪਾਠ, ਸਿਮਰਨ ਅਤੇ ਉਨ੍ਹਾਂ ਦੇ ਚਰਣਾਂ ਵਿਚ ਡੂੰਘੀ ਪ੍ਰੀਤ ਰੱਖਣੀ ਚਾਹੀਦੀ ਹੈ। ਸਾਈਂ ਕਥਾ-ਰੂਪੀ ਸਮੁੰਦਰ ਦਾ ਮੰਥਨ ਕਰਕੇ ਉਸ ਵਿਚੋਂ ਪ੍ਰਾਪਤ ਰਤਨਾਂ ਨੂੰ ਦੂਜਿਆਂ ਨੂੰ ਵੰਡੋ, ਜਿਸ ਨਾਲ ਤੁਹਾਨੂੰ ਰੋਜ਼ ਨਵੇਂ ਆਨੰਦ ਦਾ ਅਨੁਭਵ ਹੋਵੇਗਾ ਅਤੇ ਸਰੋਤੇ ਅਧੋਗਤੀ ਤੋਂ ਬਚ ਜਾਣਗੇ। ਜੇ ਭਗਤ ਇਕਾਗਰ ਭਾਵ ਨਾਲ ਉਨ੍ਹਾਂ ਦੀ ਸ਼ਰਨ ਆਏ ਤਾਂ ਉਨ੍ਹਾਂ ਦੀ 'ਮੈਂ' ਨਸ਼ਟ ਹੋ ਕੇ ਬਾਬਾ ਨਾਲ ਅਭਿੰਨਤਾ ਪ੍ਰਾਪਤ ਹੋ ਜਾਏਗੀ ਜਿਵੇਂ ਕਿ ਨਦੀ ਸਮੁੰਦਰ ਵਿਚ ਮਿਲ ਜਾਂਦੀ ਹੈ। ਜੇ ਤੁਸੀਂ ਤਿੰਨ ਅਵਸਥਾਵਾਂ (ਜਾਗਦੇ, ਸੁੱਤੇ ਅਤੇ ਸੁਪਨੇ) ਵਿਚੋਂ ਕਿਸੇ ਇਕ ਵਿਚ ਵੀ ਸਾਈਂ-ਧਿਆਨ ਵਿਚ ਲੀਨ ਹੋ ਜਾਉ ਤਾਂ ਤੁਹਾਡਾ ਸੰਸਾਰਿਕ ਚੱਕਰ ਤੋਂ ਛੁਟਕਾਰਾ ਹੋ ਜਾਏਗਾ। ਇਸ਼ਨਾਨ ਕਰਕੇ ਪ੍ਰੇਮ ਅਤੇ ਸ਼ਰਧਾਵਾਨ ਹੋ ਕੇ ਜਿਹੜੇ ਇਸ ਗ੍ਰੰਥ ਦਾ ਇਕ ਹਫ਼ਤੇ ਵਿਚ ਪਾਠ ਖ਼ਤਮ ਕਰਨਗੇ, ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਜਾਣਗੇ ਜਾਂ ਜਿਹੜੇ ਇਸ ਦਾ ਰੋਜ਼ ਪਾਠ ਜਾਂ ਸਰਵਣ ਕਰਨਗੇ, ਉਨ੍ਹਾਂ ਨੂੰ ਸਾਰੇ ਡਰ ਤੋਂ ਤੁਰੰਤ ਛੁਟਕਾਰਾ ਮਿਲ ਜਾਏਗਾ। ਇਸ ਦੇ ਅਧਿਅਨ ਨਾਲ ਹਰ ਇਕ ਨੂੰ ਆਪਣੀ ਸ਼ਰਧਾ ਅਤੇ ਭਗਤੀ ਦੇ ਮੁਤਾਬਿਕ ਫਲ ਮਿਲੇਗਾ। ਪਰ ਇਨ੍ਹਾਂ ਦੋਵਾਂ ਦੀ ਘਾਟ ਵਿਚ ਕਿਸੇ ਵੀ ਫਲ ਦੀ ਪ੍ਰਾਪਤੀ ਹੋਣਾ ਸੰਭਵ ਨਹੀਂ ਹੈ। ਜੇ ਤੁਸੀਂ ਇਸ ਗ੍ਰੰਥ ਦਾ ਆਦਰ ਨਾਲ ਪਾਠ ਕਰੋਗੇ ਤਾਂ ਸ੍ਰੀ ਸਾਈਂ ਖੁਸ਼ ਹੋ ਕੇ ਤੁਹਾਨੂੰ ਅਗਿਆਨ ਅਤੇ ਦਰਿਦਰਤਾ ਦੇ ਬੰਧਨ ਤੋਂ ਮੁਕਤ ਕਰਕੇ, ਗਿਆਨ, ਧਨ ਅਤੇ

ਅਮੀਰੀ ਪ੍ਰਦਾਨ ਕਰਨਗੇ। ਜੇ ਇਕਾਗਰ ਚਿੱਤ ਹੋ ਕੇ ਰੋਜ਼ ਇਕ ਅਧਿਆਇ ਹੀ ਪੜ੍ਹੋਗੇ ਤਾਂ ਤੁਹਾਨੂੰ ਬੇਹੱਦ ਸੁੱਖ ਦੀ ਪ੍ਰਾਪਤੀ ਹੋਏਗੀ। ਇਸ ਗ੍ਰੰਥ ਨੂੰ ਆਪਣੇ ਘਰ 'ਚ ਗੁਰੂ-ਪੂਰਨਿਮਾ, ਗੋਕੁਲ ਅਸ਼ਟਮੀ, ਰਾਮਨੌਮੀ, ਦੁਸਹਿਰੇ ਅਤੇ ਦੀਵਾਲੀ ਦੇ ਦਿਨ ਜ਼ਰੂਰ ਪੜ੍ਹਨਾ ਚਾਹੀਦਾ ਹੈ। ਜੇ ਧਿਆਨ ਨਾਲ ਤੁਸੀਂ ਸਿਰਫ਼ ਇਸੇ ਗ੍ਰੰਥ ਦਾ ਅਧਿਅਨ ਕਰਦੇ ਰਹੋਗੇ ਤਾਂ ਤੁਹਾਨੂੰ ਸੁੱਖ ਅਤੇ ਸੰਤੋਖ ਪ੍ਰਾਪਤ ਹੋਏਗਾ ਅਤੇ ਹਮੇਸ਼ਾਂ ਸ੍ਰੀ ਸਾਈਂਚਰਣਾਂ ਦੀ ਯਾਦ ਬਣੀ ਰਹੇਗੀ ਅਤੇ ਇਸ ਤਰ੍ਹਾਂ ਤੁਸੀਂ ਭਵਸਾਗਰ ਤੋਂ ਸਹਿਜੇ ਹੀ ਪਾਰ ਹੋ ਜਾਉਗੇ। ਇਸ ਦੇ ਅਧਿਅਨ ਨਾਲ ਰੋਗੀਆਂ ਨੂੰ ਸਿਹਤ, ਨਿਰਧਨਾਂ ਨੂੰ ਧਨ, ਦੁਖੀਆਂ ਅਤੇ ਪੀੜਤਾਂ ਨੂੰ ਸ਼ਾਂਤੀ ਮਿਲੇਗੀ ਅਤੇ ਮਨ ਦੇ ਸਾਰੇ ਦੋਸ਼ ਦੂਰ ਹੋ ਕੇ ਮਾਨਸਿਕ ਸ਼ਾਂਤੀ ਮਿਲੇਗੀ।

ਮੇਰੇ ਪਿਆਰੇ ਭਗਤ ਅਤੇ ਸਰੋਤਿਓ! ਤੁਹਾਨੂੰ ਪ੍ਰਨਾਮ ਕਰਦੇ ਹੋਏ ਮੇਰੀ ਤੁਹਾਨੂੰ ਇਕ ਖ਼ਾਸ ਬੇਨਤੀ ਹੈ ਕਿ ਜਿਸ ਦੀ ਕਥਾ ਤੁਸੀਂ ਏਨੇ ਦਿਨਾਂ ਅਤੇ ਮਹੀਨਿਆਂ ਤੋਂ ਸੁਣੀ ਹੈ, ਉਨ੍ਹਾਂ ਦੇ ਸੀਤਲ ਅਤੇ ਮਨੋਹਰ ਚਰਣਾਂ ਨੂੰ ਕਦੀ ਨਾ ਭੁੱਲ ਜਾਣਾ। ਜਿਸ ਉਤਸ਼ਾਹ, ਸ਼ਰਧਾ ਅਤੇ ਲਗਨ ਦੇ ਨਾਲ ਤੁਸੀਂ ਇਨ੍ਹਾਂ ਕਥਾਵਾਂ ਦਾ ਪਾਠ ਜਾਂ ਸਰਵਣ ਕਰੋਗੇ, ਸ੍ਰੀ ਸਾਈਂਬਾਬਾ ਉਵੇਂ ਹੀ ਸੇਵਾ ਕਰਨ ਦੀ ਬੁੱਧੀ ਸਾਨੂੰ ਦੇਣਗੇ। ਲੇਖਕ ਅਤੇ ਪਾਠਕ ਇਸ ਕੰਮ ਵਿਚ ਆਪਸੀ ਸਹਿਯੋਗ ਦੇ ਕੇ ਸੁਖੀ ਹੋਣ।

ਆਖ਼ੀਰ ਵਿਚ ਅਸੀਂ ਇਸ ਕਿਤਾਬ ਨੂੰ ਖ਼ਤਮ ਕਰਦੇ ਹੋਏ ਸਰਵਸ਼ਕਤੀਮਾਨ ਪ੍ਰਮਾਤਮਾ ਨੂੰ ਕ੍ਰਿਪਾ ਜਾਂ ਪ੍ਰਸ਼ਾਦ ਯਾਚਨਾ ਕਰਦੇ ਹਾਂ: "ਹੇ ਈਸ਼ਵਰ! ਪਾਠਕਾਂ ਅਤੇ ਭਗਤਾਂ ਨੂੰ ਸ੍ਰੀ ਸਾਈਂਚਰਣਾਂ ਵਿਚ ਪੂਰੀ ਅਤੇ ਇਕਾਗਰ ਭਗਤੀ ਦਿਉ। ਸ੍ਰੀ ਸਾਈਂ ਦਾ ਮਨੋਹਰ ਸਰੂਪ ਹੀ ਉਨ੍ਹਾਂ ਦੀਆਂ ਅੱਖਾਂ ਵਿਚ ਸਦਾ ਵੱਸਿਆ ਰਹੇ ਅਤੇ ਉਹ ਸਾਰੇ ਪ੍ਰਾਣੀਆਂ ਵਿਚ ਦੇਵਾਧਿਦੇਵ ਸਾਈਂ ਭਗਵਾਨ ਦਾ ਹੀ ਦਰਸ਼ਨ ਕਰਨ। ਆਸ਼ੀਰਵਾਦ।"





# ॥ ਆਰਤੀ ॥

**ਆਰਤੀ ਸਾਈਂਬਾਬਾ। ਸੌਖਯਦਾਤਾਰ ਜੀਵਾ। ਚਰਣਰਜਤਲੀ ਦਯਾਵਾ ਦਾਸਾ ਵਿਸਾਵਾ, ਭਗਤਾਂ ਵਿਸਾਵਾ। ਆਰਤੀ 0 ॥ ਜਾਲੁਨਿਯਾ ਅਨੰਗ। ਸਵਸਵਰੂਪੀ ਰਾਹੇ ਦੰਗ ਮੁਮੁਕਸ਼ੁ ਜਨਾ ਦਾਵੀ। ਜਿਨ ਡੋਲਾ ਸ੍ਰੀਰੰਗ। ਆਰਤੀ 1। ਜਯਾ ਮਨੀਂ ਜੈਸਾ ਭਾਵ। ਤਯਾ ਤੈਸਾ ਅਨੁਭਵ। ਦਾਵਿਸੀ ਦਯਾਘਨਾ ਏਸੀ ਤੁਝੀ ਹੀ ਮਾਵ। ਆਰਤੀ ॥2॥ ਤੁਮਚੇ ਨਾਮ ਧਯਾਤਾਂ। ਹਰੇ ਸੰਸ੍ਰਤਿ ਵਯਥਾ। ਅਗਾਧ ਤਵ ਕਰਨੀਂ। ਮਾਰਗ ਦਾਵਿਸੀ ਅਨਾਥਾ, ਦਾਵਿਸੀ ਆਨਾਥਾ। ਆਰਤੀ ॥3॥ ਕਲਿਜੁਗੀਂ ਅਵਤਾਰ। ਸਗੁਣ ਬ੍ਰਹਮਾ ਸਾਚਾਰ। ਅਵਤੀਰਣ ਝਾਲਾਸੀ। ਸਵਾਮੀ ਦਤ ਦਿਗੰਬਰ। ਦਤ ਦਿਗੰਬਰ। ਆਰਤੀ ॥4॥ ਆਠਾ ਦਿਵਸਾਂ ਗੁਰੂਵਾਰੀ। ਭਗਤ ਕਰੀਤਿ ਵਾਰੀ। ਪ੍ਰਭੁਪਦ ਪਹਾਵਯਾ। ਭਵ ਭਯ ਨਿਵਾਰੀ। ਭਯ ਨਿਵਾਰੀ। ਆਰਤੀ ॥5॥ ਮਾਝਾ ਨਿਜ ਦ੍ਰਵਯ ਠੇਵਾ। ਤਵ ਚਰਣਰਜ ਸੇਵਾ। ਮਾਗਣੇਂ ਹੇਚਿ ਆਤਾਂ। ਤੁਮਹਾਂ ਦੇਵਾਧਿਦੇਵਾ, ਦੇਵਾਧਿਦੇਵਾ। ਆਰਤੀ ॥6॥ ਇਛਿਤ ਦੀਨ ਚਾਤਕ। ਨਿਰਮਲ ਤੋਯ ਨਿਜਸੁਖ। ਪਾਜਾਵੇਂ ਮਾਧਵਾ ਯਾ। ਸਾਂਭਾਲ ਆਪੁਲੀ ਭਾਕ, ਆਪੁਲੀ ਭਾਕ। ਆਰਤੀ ਸਾਈਂਬਾਬਾ। ਸੌਖਯਦਾਤਾਰ ਜੀਵਾ ॥7॥**

## ਭਾਵ ਅਰਥ

ਹੇ ਜੀਵਾਂ ਨੂੰ ਸੁੱਖ ਦੇਣ ਵਾਲੇ ਸਾਈਂਬਾਬਾ! ਅਸੀਂ ਤੁਹਾਡੀ ਆਰਤੀ ਕਰਦੇ ਹਾਂ। ਆਪਣੇ ਦਾਸ ਅਤੇ ਭਗਤਾਂ ਨੂੰ ਆਪਣੇ ਚਰਣਾਂ ਦੀ ਠੰਡੀ ਛਾਂ ਵਿਚ ਥਾਂ ਦਿਉ। ਪ੍ਰਕਾਸ਼ਵਾਨ ਭਾਵ ਵਿਚ ਤੁਸੀਂ ਸਦਾ ਆਤਮਲੀਨ ਰਹਿੰਦੇ ਹੋ ਅਤੇ ਮੁਮੁਕਸ਼ੂਆਂ ਨੂੰ ਈਸ਼ਵਰ ਦੀ ਪ੍ਰਾਪਤੀ ਕਰਾ ਦਿੰਦੇ ਹੋ। ਜਿਵੇਂ ਜਿਸਦਾ ਭਾਵ ਹੁੰਦਾ ਹੈ, ਉਸ ਨੂੰ ਤੁਸੀਂ ਉਵੇਂ ਹੀ ਅਨੁਭਵ ਦਿੰਦੇ ਹੋ। ਹੇ ਦਿਆਲੂ! ਤੁਹਾਡੀ ਕੁਝ ਏਦਾਂ ਦੀ ਹੀ ਵਿਸ਼ੇਸ਼ਤਾ ਹੈ। ਤੁਹਾਡੇ ਸ੍ਰੀਚਰਣਾਂ ਦਾ ਸਿਰਫ਼ ਧਿਆਨ ਕਰਨ ਨਾਲ ਭਗਤ ਇਸ ਸੰਸਾਰ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਤੁਸੀਂ ਹਮੇਸ਼ਾਂ ਦੀਨ ਅਤੇ ਅਨਾਥਾਂ ਦੀ ਰੱਖਿਆ ਕਰਦੇ ਹੋ। ਤੁਹਾਡਾ ਕੰਮ ਕਰਨ ਦਾ ਤਰੀਕਾ ਅਪਰੰਪਾਰ ਹੈ। ਹੇ ਦਤ! ਇਸ ਕਲਯੁੱਗ ਵਿਚ ਤੁਸੀਂ ਸਗੁਣ ਬ੍ਰਹਮਾ ਦੇ ਰੂਪ ਵਿਚ ਅਵਤਾਰ ਲਿਆ ਹੈ। ਇਸ ਲਈ ਜਿਹੜੇ ਭਗਤ ਨਿਤ ਵੀਰਵਾਰ ਨੂੰ ਤੁਹਾਡੇ ਕੋਲ ਆਉਣ, ਉਨ੍ਹਾਂ ਨੂੰ ਸੰਸਾਰਿਕ ਡਰ ਤੋਂ ਮੁਕਤ ਕਰਕੇ ਭਗਵਦ-ਦਰਸ਼ਨ ਯੋਗ ਬਣਾਉ। ਹੇ ਦੇਵਾਧਿਦੇਵ! ਤੁਹਾਡੇ ਚਰਣਕਮਲ ਹੀ ਮੇਰੀ ਦੌਲਤ ਹਨ। ਜਿਸ ਤਰ੍ਹਾਂ ਬੱਦਲ ਸ਼ੁਭਕਾਰਕ ਨਛੱਤਰ ਦੀ ਬੂੰਦ ਨਾਲ ਚਾਤਕ ਪੰਛੀ ਦੀ ਪਿਆਸ ਬੁਝਾ ਦਿੰਦਾ ਹੈ, ਉਸੇ ਤਰ੍ਹਾਂ ਮਾਧਵ (ਇਥੇ ਆਪਣਾ ਨਾਂਅ ਲਗਾਉ) ਦੀ ਵੀ ਪਿਆਸ ਬੁਝਾ ਕੇ ਆਪਣੇ ਵਚਨਾਂ ਦਾ ਪਾਲਣ ਕਰੋ।